# BUDHA DAL PUBLIC SCHOOL PATIALA
## Final Examination (18 March 2023)
**Class - IX**
**Paper - Punjabi (Set-A)**

**Time: 3 hrs.** **MM: 80**

ਆਮ ਨਿਰਦੇਸ਼:

1. ਹੇਠ ਲਿਖੇ ਨਿਰਦੇਸ਼ਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਉਹਨਾਂ ਦਾ ਪਾਲਣ ਕਰੋ।
2. ਸਾਰੇ ਪ੍ਰਸ਼ਨ ਲਾਜ਼ਮੀ ਹਨ।
3. ਪ੍ਰਸ਼ਨਾਂ ਵਿੱਚ ਦਿੱਤੀ ਗਈ ਚੋਣ ਨੂੰ ਧਿਆਨ ਨਾਲ ਵੇਖ ਕੇ ਨਿਰਦੇਸ਼ਾਂ ਅਨੁਸਾਰ ਹੱਲ ਕੀਤਾ ਜਾਵੇ।
4. ਸਾਫ਼ ਅਤੇ ਸ਼ੁੱਧ ਲਿਖਿਆ ਜਾਵੇ, ਪ੍ਰਸ਼ਨ ਨੰਬਰ ਅਤੇ ਉਪ-ਭਾਗ ਨੰਬਰ ਬਿਲਕੁਲ ਸਹੀ ਅਤੇ ਪ੍ਰਸ਼ਨ-ਪੱਤਰ ਅਨੁਸਾਰ ਲਿਖੇ ਜਾਣ।
5. ਉੱਤਰਾਂ ਨੂੰ ਧਿਆਨ ਨਾਲ ਉੱਤਰ-ਸ਼ੀਟ 'ਤੇ ਲਿਖਿਆ ਜਾਵੇ।

### ਭਾਗ-ੳ (ਪੜ੍ਹਨ-ਕੌਸ਼ਲ)

**1) ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ:** **(7)**

ਪ੍ਰਸਿੱਧ ਵਿਆਕਰਨਕਾਰ ਪਾਣਿਨੀ, ਜਿਸ ਦੀ ਲਿਖੀ ਹੋਈ ਪੁਸਤਕ ਦਾ ਨਾਂ ਪਾਣਿਨਿਯਮ ਸੀ। ਇਹ ਸੰਸਕ੍ਰਿਤ ਵਿਆਕਰਨ ਦਾ ਸਭ ਤੋਂ ਵੱਡਾ ਵਿਦਵਾਨ ਮੰਨਿਆ ਜਾਂਦਾ ਹੈ ਅਤੇ ਇਸੇ ਲਈ ਇਸ ਬਾਰੇ ਆਦਰ ਤੇ ਸਤਿਕਾਰ ਵਜੋਂ ਇਹ ਕਿਹਾ ਜਾਂਦਾ ਹੈ ਕਿ ਇਸ ਦੀ ਰਚਨਾ ਈਸ਼ਵਰੀ ਗਿਆਨ ਕਾਰਨ ਹੋਈ। ਪ੍ਰਾਚੀਨ ਸਮੇਂ ਪਾਣਿਨੀ ਨੂੰ ਰਿਸ਼ੀ ਮੰਨਿਆ ਜਾਂਦਾ ਸੀ। ਆਧੁਨਿਕ ਸਮੇਂ ਵਿੱਚ ਵੀ ਇਸ ਬਾਰੇ ਇਹ ਪ੍ਰਸਿੱਧ ਹੈ ਕਿ ਇਸ ਨੂੰ ਇਸ ਪੁਸਤਕ ਸੰਬੰਧੀ ਗਿਆਨ ਸ਼ਿਵਜੀ ਤੋਂ ਪ੍ਰਾਪਤ ਹੋਇਆ। ਕਹਿੰਦੇ ਹਨ ਕਿ ਪਾਣਿਨੀ ਬਚਪਨ ਵਿੱਚ ਬੜਾ ਹੀ ਮੂਰਖ ਸੀ, ਇਸੇ ਲਈ ਇਸ ਨੂੰ ਪਾਠਸ਼ਾਲਾ ਵਿੱਚੋਂ ਕੱਢ ਦਿੱਤਾ ਗਿਆ ਸੀ, ਪਰ ਸ਼ਿਵਜੀ ਦੀ ਕਿਰਪਾ ਨਾਲ ਇਹ ਵਿਦਵਾਨਾਂ ਦੀ ਪਹਿਲੀ ਸ਼੍ਰੇਣੀ ਵਿਚ ਆ ਗਿਆ। ਇਹ ਪਹਿਲਾ ਵਿਆਕਰਨਕਾਰ ਨਹੀਂ ਸੀ, ਕਿਉਂ ਜੋ ਇਹ ਆਪਣੀ ਪੁਸਤਕ ਵਿੱਚ ਕਈ ਵਿਆਕਰਨਕਾਰਾਂ ਦੇ ਨਾਂ ਦਿੰਦਾ ਹੈ, ਜਿਹੜੇ ਕਿ ਇਸ ਤੋਂ ਪਹਿਲਾਂ ਹੋ ਚੁੱਕੇ ਸਨ। ਪਾਣਿਨੀ ਤੋਂ ਬਾਅਦ ਜਿਹੜੇ ਵਿਆਕਰਨ ਲਿਖੇ ਗਏ ਹਨ, ਉਨ੍ਹਾਂ ਦੀ ਗਿਣਤੀ ਕਾਫ਼ੀ ਵੱਡੀ ਹੈ ਤੇ ਭਾਵੇਂ ਉਨ੍ਹਾਂ ਵਿੱਚੋਂ ਕਈ ਬਹੁਤ ਹੀ ਸ੍ਰੇਸ਼ਟ ਤੇ ਬਹੁਤੀ ਵਰਤੋਂ ਵਿੱਚ ਆਉਂਦੇ ਹਨ, ਪਰ ਪਾਣਿਨੀ ਦੁਆਰਾ ਬਣਾਏ ਹੋਏ ਨਿਯਮ ਅਜੇ ਵੀ ਸਰਵਉੱਚ ਤੇ ਨਿਰਵਿਵਾਦ ਹਨ।

ੳ) ਪਾਣਿਨੀ ਦੀ ਰਚਨਾ ਨੂੰ ਈਸ਼ਵਰੀ ਗਿਆਨ ਕਾਰਨ ਹੋਈ ਕਿਉਂ ਮੰਨਿਆ ਜਾਂਦਾ ਹੈ?
ਅ) ਪਾਣਿਨੀ ਦੇ ਬਚਪਨ ਬਾਰੇ ਕਿਹੜੀ ਘਟਨਾ ਕਹੀ ਜਾਂਦੀ ਹੈ?
ੲ) ਪਾਣਿਨੀ ਤੋਂ ਪਹਿਲਾਂ ਅਤੇ ਪਿੱਛੋਂ ਵੀ ਸੰਸਕ੍ਰਿਤ ਵਿਆਕਰਨ ਲਿਖੇ ਗਏ, ਤਾਂ ਵੀ ਉਸ ਦੇ ਵਿਆਕਰਨ ਦੀ ਪ੍ਰਸਿੱਧੀ ਇੰਨੀ ਕਿਉਂ ਹੋਈ?
ਸ) ਉਪਰੋਕਤ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ।

**2) ਹੇਠ ਲਿਖੀ ਕਾਵਿ-ਟੁਕੜੀ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ।** **(1×3=3)**

ਦਸਮ ਗੁਰੂ ਚਮਕੌਰ ਦੀ ਗੜ੍ਹੀ ਅੰਦਰ,
ਘੇਰਾ ਮੁਗ਼ਲਾਂ ਦੇ ਆਣ ਭੰਗ ਕੀਤਾ।
ਕੁੱਲ ਦਿੱਲੀ ਪੰਜਾਬ ਦੀ ਬਾਦਸ਼ਾਹੀ,
ਨਾਲ ਰਾਜੇ ਪਹਾੜੀਆਂ ਸੰਗ ਕੀਤਾ।



A-1

Scanned by Scanner Go

ਅੰਦਰ ਗਿਣਤੀ ਦੇ ਸਿੰਘ ਤੇ ਸਾਹਿਬਜ਼ਾਦੇ,
ਜਿਨ੍ਹਾਂ ਸੀਸ ਤਲੀ ਧਰ ਜੰਗ ਕੀਤਾ।

ੳ) ਜਦੋਂ ਗੁਰੂ ਜੀ ਚਮਕੌਰ ਦੀ ਗੜ੍ਹੀ ਵਿੱਚ ਸਨ ਤਾਂ ਮੁਗਲਾਂ ਨੇ ਕੀ ਕੀਤਾ?

ਅ) ਹਮਲਾਵਰ ਕੌਣ ਸਨ?

ੲ) ਸੀਸ ਤਲੀ 'ਤੇ ਧਰ ਕੇ ਕਿਨ੍ਹਾਂ ਨੇ ਜੰਗ ਕੀਤਾ?

**ਭਾਗ-ਅ (ਵਿਆਕਰਨ )**

**3. ਵਿਰੋਧੀ ਸ਼ਬਦ (ਪੁੱਛੇ ਗਏ ਚਾਰ ਪ੍ਰਸ਼ਨਾਂ ਵਿੱਚੋਂ ਕੋਈ ਤਿੰਨ ਹੱਲ ਕਰੋ)** (1×3=3)

**ੳ) ਓਪਰਾ ਸ਼ਬਦ ਦਾ ਵਿਰੋਧੀ ਸ਼ਬਦ ਚੁਣੋ।**

1) ਪਰਾਇਆ 2) ਜਾਣੂ 3) ਅਜਨਬੀ 4) ਸਦਾਚਾਰੀ

**ਅ) ਹੇਠ ਲਿਖੇ ਸ਼ਬਦਾਂ ਵਿੱਚੋਂ ਚਾਤਰ ਸ਼ਬਦ ਦਾ ਵਿਰੋਧੀ ਸ਼ਬਦ ਚੁਣੋ:**

1) ਸਿਆਣਾ 2) ਤੇਜ਼ 3) ਭੋਲਾ 4) ਹੁਸ਼ਿਆਰ

**ੲ) ਹੇਠ ਲਿਖੇ ਵਿਕਲਪਾਂ ਵਿੱਚੋਂ ਸਹੀ ਵਿਰੋਧੀ ਜੋੜਾ ਚੁਣੋ।**

1) ਸਾਧੂ/ਸੰਤ 2) ਦੀਨ/ਈਮਾਨ 3) ਗੁਣ/ਔਗੁਣ 4) ਗੁਣ/ਵਿਸ਼ੇਸ਼

**ਸ) ਅੰਨਾ ਸ਼ਬਦ ਦਾ ਵਿਰੋਧੀ ਸ਼ਬਦ ਕੀ ਹੋਵੇਗਾ?**

1) ਸੁਜਾਖਾ 2) ਕਾਣਾ 3) ਸੂਰਦਾਸ 4) ਅੰਧਰਾਤਾ

**4. ਲਿੰਗ ਬਦਲੋ (ਪੁੱਛੇ ਗਏ ਚਾਰ ਪ੍ਰਸ਼ਨਾਂ ਵਿੱਚੋਂ ਕੋਈ ਤਿੰਨ ਹੱਲ ਕਰੋ)** (1×3=3)

**ੳ) ਹੇਠ ਲਿਖੇ ਸ਼ਬਦਾਂ ਵਿੱਚੋ ਕਿਹੜਾ ਸ਼ਬਦ ਦੋਹਾਂ ਲਿੰਗਾਂ ਵਿੱਚ ਵਰਤਿਆ ਜਾਂਦਾ ਹੈ?**

1) ਬੱਕਰੀ 2) ਅਖ਼ਬਾਰ 3) ਬਿੱਲਾ 4) ਕਸ਼ਮੀਰੀ

**ਅ) ਹੇਠ ਲਿਖੇ ਸ਼ਬਦਾਂ ਵਿੱਚੋਂ ਕਿਹੜੇ ਸ਼ਬਦ ਦਾ ਵਿਰੋਧੀ ਲਿੰਗ ਨਹੀਂ ਹੁੰਦਾ?**

1) ਧਰਤੀ 2) ਠੇਕੇਦਾਰ 3) ਮੋਰ 4) ਵਪਾਰੀ

**ੲ) ਵਰ ਸ਼ਬਦ ਦਾ ਇਸਤਰੀ-ਲਿੰਗ ਚੁਣੋ:**

1) ਰਾਣੀ 2) ਲਾੜਾ 3) ਕੰਨਿਆ 4) ਮਾਦਾ

**ਸ) ਪੂਰਬੀਆ ਸ਼ਬਦ ਦਾ ਇਸਤਰੀ ਲਿੰਗ ਕਿਹੜਾ ਹੋਵੇਗਾ?**

1) ਪੂਰਬਣ 2) ਪੂਰਬਨ 3) ਪੂਰਬੀ 4) ਪੂਰਬਿਅਣ

**5. ਵਿਸਮਿਕ (ਪੁੱਛੇ ਗਏ ਚਾਰ ਪ੍ਰਸ਼ਨਾਂ ਵਿੱਚੋਂ ਕੋਈ ਤਿੰਨ ਹੱਲ ਕਰੋ)** (1×3=3)

**ੳ) ਵਿਸਮਿਕ ਕਿੰਨੀ ਤਰ੍ਹਾਂ ਦੇ ਹੁੰਦੇ ਹਨ?**

1) ਦੋ 2) ਪੰਜ 3) ਨੌਂ 4) ਸੱਤ

**ਅ) 'ਖ਼ਬਰਦਾਰ' ਸ਼ਬਦ ਕਿਹੜਾ ਵਿਸਮਿਕ ਹੈ?**

1) ਸ਼ੋਕ ਵਾਚਕ 2) ਸੂਚਨਾ ਵਾਚਕ 3) ਇੱਛਾ ਵਾਚਕ 4) ਅਸੀਸ ਵਾਚਕ

**ੲ) ਦੁੱਖ ਦੇ ਭਾਵ ਪ੍ਰਗਟ ਕਰਨ ਵਾਲੇ ਸ਼ਬਦ ਕਿਸ ਪ੍ਰਕਾਰ ਦੇ ਵਿਸਮਿਕ ਹੁੰਦੇ ਹਨ?**

1) ਹੈਰਾਨੀ ਵਾਚਕ 2) ਫਿਟਕਾਰ ਵਾਚਕ 3) ਸ਼ੋਕ ਵਾਚਕ 4) ਸੰਬੋਧਨੀ ਵਾਚਕ

**ਸ) ਹੇ ਦਾਤਾ ! ਮਿਹਰ ਭਰਿਆ ਹੱਥ ਰੱਖੋ। ਵਾਕ ਵਿੱਚ 'ਹੇ ਦਾਤਾ' ਕਿਹੜਾ ਵਿਸਮਿਕ ਹੈ?**

1) ਸਤਿਕਾਰ-ਵਾਚਕ 2) ਇੱਛਾ-ਵਾਚਕ 3) ਅਸੀਸ-ਵਾਚਕ 4) ਪ੍ਰਸੰਸਾ-ਵਾਚਕ

A-2



Scanned by Scanner Go

6) **ਸ਼ਬਦ ਸ਼ੁੱਧੀ (ਪੁੱਛੇ ਗਏ ਚਾਰ ਪ੍ਰਸ਼ਨਾਂ ਵਿੱਚੋਂ ਕੋਈ ਤਿੰਨ ਹੱਲ ਕਰੋ)** (1×3=3)

**ਹੇਠ ਲਿਖੇ ਵਾਕਾਂ ਵਿਚਲੇ ਅਸ਼ੁੱਧ ਸ਼ਬਦ ਜੋੜਾਂ ਨੂੰ ਸ਼ੁੱਧ ਕਰਕੇ ਲਿਖੋ।**

ੳ) ਸਵੇਰੇ ਬਹੁਤ ਜਿਆਦਾ ਠੰਡ ਸੀ।

ਅ) ਗੁਰਦਵਾਰੇ ਵਿੱਚ ਕਿਰਤਨ ਹੋ ਰਿਹਾ ਹੈ।

ੲ) ਗੁਰਨਾਮ ਬੌਹਤ ਹਸੌਂਦਾ ਹੈ।

ਸ) ਰੋਂਲ ਖਾ ਕੇ ਦੁੱਦ ਪੀਓ।

7) **ਕਿਰਿਆ (ਪੁੱਛੇ ਗਏ ਪੰਜ ਪ੍ਰਸ਼ਨਾਂ ਵਿੱਚੋਂ ਕੋਈ ਚਾਰ ਹੱਲ ਕਰੋ)** (1×4=4)

ੳ) ਮੁੱਖ ਤੌਰ ਤੇ ਕਿਰਿਆ ਕਿੰਨੇ ਪ੍ਰਕਾਰ ਦੀ ਹੁੰਦੀ ਹੈ?

ਅ) ਸਕਰਮਕ ਕਿਰਿਆ ਤੋਂ ਕੀ ਭਾਵ ਹੈ?

ੲ) ਅਕਰਮਕ ਕਿਰਿਆ ਦੀ ਇੱਕ ਉਦਾਹਰਨ ਲਿਖੋ।

ਸ) ਮੁੰਡਾ ਨਾਵਲ ਪੜ੍ਹਦਾ ਹੈ। ਵਾਕ ਵਿੱਚੋਂ ਕਿਰਿਆ ਦੀ ਕਿਸਮ ਲਿਖੋ।

ਹ) ਕਿਰਿਆ ਦੀ ਪਰਿਭਾਸ਼ਾ ਲਿਖੋ।

8) **ਮੁਹਾਵਰੇ (ਹੇਠਾਂ ਲਿਖਿਆ ਵਿੱਚੋਂ ਕਿਸੇ ਚਾਰ ਮੁਹਾਵਰਿਆਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋ ਕਿ ਅਰਥ ਸਪੱਸ਼ਟ ਹੋ ਜਾਣ)** (1×4=4)

ੳ) ਉਸਤਾਦੀ ਕਰਨੀ

ਅ) ਅੱਖਾਂ ਮੀਟ ਕੇ ਕੰਮ ਕਰਨਾ

ੲ) ਈਨ ਮੰਨਣੀ

ਸ) ਸਰ ਕਰਨਾ

ਹ) ਹੱਥੀ ਛਾਵਾਂ ਕਰਨੀਆਂ

### ਭਾਗ-ੲ (ਪ੍ਰਭਾਵਸ਼ਾਲੀ ਲਿਖਣ ਕੌਸ਼ਲ)

9) **ਹੇਨ ਲਿਖੇ ਵਿਸ਼ਿਆਂ ਵਿੱਚੋਂ ਕਿਸੇ 'ਇੱਕ' ਵਿਸ਼ੇ ਉੱਤੇ ਦਿੱਤੇ ਹੋਏ ਨੁਕਤਿਆਂ ਦੇ ਅਧਾਰ ਤੇ 200 ਸ਼ਬਦਾਂ ਦਾ ਲੇਖ ਲਿਖੋ:** (8)

**ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆਂ ਤਤੁ**

ਨੁਕਤੇ -

ਤੁਕ ਦਾ ਅਰਥ, ਮਿੱਠੇ ਅਤੇ ਕੌੜੇ ਬੋਲਾਂ ਦਾ ਅਸਰ, ਨਿਮਰਤਾ ਅਹਿਮ ਗੁਣ, ਹੰਕਾਰ ਇੱਕ ਵੱਡਾ ਔਗੁਣ ਹੈ, ਵਿਖਾਵੇ ਵਾਲੀ ਨਿਮਰਤਾ, ਨਿਮਰਤਾ ਧਾਰਨ ਕਰਨ ਲਈ ਯਤਨ, ਲਾਭ, ਸਿੱਟਾ।

**ਜਾਂ**

**ਮੋਬਾਈਲ ਦੇ ਲਾਭ ਅਤੇ ਹਾਨੀਆਂ**

ਨੁਕਤੇ -

ਭੂਮਿਕਾ, ਸੰਚਾਰ ਦਾ ਸਾਧਨ, ਵਪਾਰ ਦਾ ਸਾਧਨ, ਮਨੋਰੰਜਨ ਦਾ ਸਾਧਨ, ਲਾਭ, ਨੁਕਸਾਨ, ਅਸ਼ਲੀਲਤਾ, ਦੁਰਘਟਨਾਵਾਂ, ਸਿਹਤ ਦਾ ਨੁਕਸਾਨ, ਸਾਰੰਸ਼।

**ਜਾਂ**

**ਕੁਦਰਤੀ ਕਰੋਪੀਆਂ**

ਨੁਕਤੇ -

ਜਾਣ-ਪਛਾਣ, ਗਲੋਬਲ ਵਾਰਮਿੰਗ, ਤਪਸ਼ ਦਾ ਕਾਰਨ, ਤਪਸ਼ ਦੇ ਮਾਰੂ ਪ੍ਰਭਾਵ, ਸੰਭਲਣ ਦੀ ਲੋੜ, ਸਿੱਟਾ।

A-3



Scanned by Scanner Go

(7)

10) ਹੇਠ ਲਿਖੇ ਨੁਕਤਿਆਂ ਦੇ ਆਧਾਰ 'ਤੇ ਕੋਈ ਇੱਕ ਪੱਤਰ ਲਿਖੋ।

ਤੁਸੀਂ ਜਲੰਧਰ ਦੇ ਕਿਸੇ ਹੋਸਟਲ ਵਿੱਚ ਰਹਿ ਕੇ ਪੜ੍ਹਾਈ ਕਰ ਰਹੇ ਹੋ। ਆਪਣੇ ਮਾਤਾ ਜੀ ਨੂੰ ਚਿੱਠੀ ਰਾਹੀਂ ਦੱਸੋ ਕਿ ਤੁਹਾਨੂੰ ਹੋਸਟਲ ਦਾ ਕਿਹੋ ਜਿਹਾ ਅਨੁਭਵ ਹੋਇਆ ਹੈ।

ਨੁਕਤੇ: ਮਨ ਬਹੁਤ ਉਦਾਸ, ਘਰ ਵਾਪਸ ਆ ਜਾਵਾਂ, ਮਨ ਨੂੰ ਸਮਝਾ ਲਿਆ, ਭਵਿੱਖ ਦੇ ਸੁਪਨੇ, ਭਰਾਵਾਂ ਵਾਂਗ ਰਹਿਣ ਦਾ ਮੌਕਾ, ਘਰ ਪਰਿਵਾਰ ਤੋਂ ਦੂਰ, ਘਰ ਆਵਾਂਗੀ।

ਜਾਂ

ਆਪਣੇ ਇਲਾਕੇ ਦੇ ਲੋਕਾਂ ਦੀ ਸਿਹਤ ਦੀ ਜਾਂਚ ਕਰਨ ਲਈ ਹਰ ਮਹੀਨੇ ਇੱਕ ਕੈਂਪ ਲਾਉਣ ਲਈ ਡਾਇਰੈਕਟਰ, ਸਿਹਤ ਵਿਭਾਗ ਨੂੰ ਇੱਕ ਬੇਨਤੀ-ਪੱਤਰ ਲਿਖੋ।

ਨੁਕਤੇ: ਡਿਸਪੈਂਸਰੀ ਦਾ ਨਾ ਹੋਣਾ, ਗੰਦਗੀ, ਬਿਮਾਰੀਆਂ ਫੈਲਣ ਦਾ ਡਰ, ਨੀਮ ਹਕੀਮਾਂ ਕੋਲ ਜਾਣਾ, ਸਿਹਤ ਜਾਂਚ ਕੈਂਪ, ਕੈਂਪ ਦੀ ਮਨਜ਼ੂਰੀ।

(5)

11) ਹੇਠ ਲਿਖੇ ਚਿੱਤਰ ਨੂੰ ਦੇਖ ਕੇ ਉਸਦਾ ਵਰਨਣ 50 ਤੋਂ 60 ਸ਼ਬਦਾਂ ਵਿੱਚ ਲਿਖੋ।



## ਭਾਗ-ਸ (ਪਾਠ ਪੁਸਤਕਾਂ ਤੇ ਅਧਾਰਤ)

12) ਕਹਾਣੀ ਤੇ ਵਾਰਤਕ ਵਿੱਚੋਂ (ਪੁੱਛੇ ਗਏ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ): (1×5=5)

ੳ) ਚੌਧਰੀ ਗੁਲਾਮ ਮੁਹੰਮਦ ਲੇਖਕ ਦਾ ਕੀ ਲਗਦਾ ਸੀ?

1) ਦਾਦੇ-ਪੋਤਰਾ ਭਰਾ 2) ਨਾਨੇ-ਦੋਹਤਾ ਭਰਾ 3) ਚਾਚੇ-ਭਤੀਜਾ ਭਰਾ 4) ਮਾਮੇ-ਭਾਣਜਾ ਭਰਾ

ਅ) ਬੇਬੇ ਦਾ ਵਿਆਹ ਕਿੰਨੇ ਸਾਲ ਦੀ ਉਮਰ ਵਿੱਚ ਹੋਇਆ ਸੀ?

1) 16 ਸਾਲ 2) 17 ਸਾਲ 3) 18 ਸਾਲ 4) 20 ਸਾਲ

ੲ) ਜੁਗਲ ਪ੍ਰਸ਼ਾਦ ਦੀ ਤਨਖ਼ਾਹ ਕਿੰਨੇ ਰੁਪਏ ਵਧੀ ਸੀ?

1) ਪੰਜ ਸੌ ਰੁਪਏ 2) ਪੰਜ ਰੁਪਏ 3) ਪੰਜਾਹ ਰੁਪਏ 4) ਪੰਜ ਹਜ਼ਾਰ ਰੁਪਏ

ਸ) ਦਰਬਾਰਾ ਸਿੰਘ ਕਿਹੜੀ ਬਿਮਾਰੀ ਨਾਲ ਬਿਮਾਰ ਪਿਆ ਸੀ?

1) ਕਰੋਨੇ ਨਾਲ 2) ਕੈਂਸਰ ਨਾਲ 3) ਹੈਜੇ ਨਾਲ 4) ਨਮੂਨੀਏ ਨਾਲ

ਹ) ਨਾਭੇ ਤੋਂ ਪਟਿਆਲੇ ਦਾ ਬੱਸ ਭਾੜਾ ਕਿੰਨਾ ਸੀ?

1) ਦਸ ਰੁਪਏ 2) ਸਾਢੇ ਦਸ ਆਨੇ 3) ਦੋ ਰੁਪਏ 4) ਪੰਜ ਆਨੇ

ਕ) ਖੁਸ਼ੀਆਂ ਆਪੇ ਨਹੀਂ ਆਉਂਦੀਆਂ ਲੇਖ ਦਾ ਲੇਖਕ ਕੌਣ ਹੈ?

1) ਦਲੀਪ ਕੌਰ ਟਿਵਾਣਾ 2) ਸਵਿੰਦਰ ਸਿੰਘ 3) ਡਾ.ਟੀ.ਆਰ. ਸ਼ਰਮਾ 4) ਸੂਬਾ ਸਿੰਘ

A-4



Scanned by Scanner Go

13) **ਕਵਿਤਾ ਤੇ ਇਕਾਂਗੀ ਵਿੱਚੋਂ (ਕਿਸੇ ਪੰਜ ਪ੍ਰਸ਼ਨਾਂ ਦੇ ਉੱਤਰ ਇੱਕ ਸਤਰ ਵਿੱਚ ਲਿਖੋ):** **(1×5=5)**

ੳ) 'ਮੈਂ ਪੰਜਾਬੀ' ਕਵਿਤਾ ਵਿੱਚ ਕਵੀ ਕਿਸ ਦੀ ਖ਼ੈਰ ਮੰਗਦਾ ਹੈ?

ਅ) ਕਵੀ ਅਨੁਸਾਰ ਅਸੀਂ ਪੁਰਾਣੀ ਤਹਿਜ਼ੀਬ ਦੀ ਕਪਲਾ ਗਊ ਨੂੰ ਕਿਸ ਚੀਜ਼ ਨਾਲ ਵਟਾ ਲਿਆ ਹੈ?

ੲ) 'ਮਾਤਾ ਗੁਜਰੀ ਜੀ' ਗੀਤ ਵਿੱਚ ਕਿਹੋ ਜਿਹੇ ਭਾਵ ਅੰਕਿਤ ਹਨ?

ਸ) ਮਦਨ ਲਾਲ ਤੇ ਰਾਮ ਪਿਆਰੀ ਦਾ ਆਪਸ ਵਿੱਚ ਕੀ ਰਿਸ਼ਤਾ ਹੈ?

ਹ) ਇਕਾਂਗੀ ਵਿੱਚ ਸਿਰਜਣਾ ਕਿਸ ਗੱਲ ਦਾ ਵਿਰੋਧ ਕਰਦੀ ਹੈ?

ਕ) 'ਵਿਸਾਖੀ ਦਾ ਮੇਲਾ' ਕਵਿਤਾ ਵਿੱਚ ਜੱਗ ਉੱਤੇ ਕਿਸ ਦੀ ਨਿਗਾਹ ਸਵੱਲੀ ਹੈ?

14) **ਕਹਾਣੀ ਤੇ ਇਕਾਂਗੀ ਵਿੱਚੋਂ (ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਦਿਓ):** **(2×4=8)**

ੳ) ਜੁਗਲ ਪ੍ਰਸਾਦ ਆਪਣੇ ਪੁੱਤਰ ਨੂੰ ਅੰਗਰੇਜ਼ੀ ਸਕੂਲ ਵਿੱਚ ਦਾਖਲ ਕਿਉਂ ਕਰਵਾਉਣਾ ਚਾਹੁੰਦਾ ਸੀ?

ਅ) ਸਾਂਝੀ ਕੰਧ ਕਹਾਣੀ ਵਿੱਚ ਕਹਾਣੀਕਾਰ ਕੀ ਸੁਨੇਹਾ ਦੇਣਾ ਚਾਹੁੰਦਾ ਹੈ?

ੲ) ਬੱਸ ਕੰਡਕਟਰ ਨੇ ਟਿਕਟ ਦੇਣ ਲੱਗਿਆਂ ਪਾਲੀ ਅਤੇ ਬੁੱਢੀ ਮਾਈ ਨਾਲ ਕਿਹੋ ਜਿਹਾ ਵਰਤਾਓ ਕੀਤਾ?

ਸ) ਹਰੀ ਚੰਦ ਰਾਮ ਪਿਆਰੀ ਨੂੰ ਕਿਹੜੇ-ਕਿਹੜੇ ਟੈਸਟ ਕਰਵਾਉਣ ਬਾਰੇ ਦੱਸਦਾ ਹੈ?

ਹ) ਮਾਸੀ ਕੌਣ ਹੈ ਤੇ ਉਹ ਬੀਜੀ ਨਾਲ ਤਲਖ਼ੀ ਨਾਲ ਗੱਲ ਕਿਉਂ ਕਰਦੀ ਹੈ?

15) **ਕਵਿਤਾ ਅਤੇ ਵਾਰਤਕ ਵਿੱਚੋਂ (ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50-60 ਸ਼ਬਦਾਂ ਵਿੱਚ ਲਿਖੋ। (ਕੋਈ ਦੋ)**

ੳ) 'ਸਮਾਂ' ਕਵਿਤਾ ਵਿੱਚ ਆਏ ਵਿਚਾਰਾਂ ਦਾ ਸਾਰ ਲਿਖੋ।

**ਜਾਂ**

'ਮਾਤਾ ਗੁਜਰੀ ਜੀ' ਕਵਿਤਾ ਦੇ ਵਿਸ਼ੇ ਬਾਰੇ ਲਿਖੋ। **(2×4=8)**

ਅ) 'ਵਹਿਮੀਆਂ ਨਾਲ ਮੁਕਾਬਲਾ ਆਕਲ ਭੁੱਲ ਕਰੇਨ' ਤੁਕ ਦੇ ਅਨੁਸਾਰ ਵਹਿਮੀਆਂ ਨਾਲ ਮੁਕਾਬਲਾ ਕਿਉਂ ਨਹੀਂ ਕੀਤਾ ਜਾ ਸਕਦਾ?

**ਜਾਂ**

ਲੇਖਕ ਦੇ ਘਰ ਦੀ ਲਿੱਪਾ ਪੋਚੀ ਅਤੇ ਸਜਾਵਟ ਦਾ ਕੰਮ ਕਿਵੇਂ ਕੀਤਾ ਜਾਂਦਾ ਸੀ?

16) **ਇਕਾਂਗੀ ਵਿੱਚੋਂ (ਕਿਸੇ ਇਕ ਪ੍ਰਸ਼ਨ ਦਾ ਉੱਤਰ 50-60 ਸ਼ਬਦਾਂ ਵਿੱਚ ਲਿਖੋ) (ਕੋਈ ਇੱਕ)** **(4×1=4)**

ਮਦਨ ਲਾਲ ਦਾ ਪਾਤਰ ਚਿਤਰਨ ਆਪਣੇ ਸ਼ਬਦਾਂ ਵਿੱਚ ਲਿਖੋ।

**ਜਾਂ**

ਬੀਜੀ ਸਿਰਜਣਾ ਨੂੰ ਡਾਕਟਰ ਕੋਲ ਕਿਉਂ ਲੈ ਕੇ ਜਾਂਦੀ ਹੈ ਤੇ ਉਹ ਕੀ ਚਾਹੁੰਦੀ ਹੈ?

A-5



Scanned by Scanner Go

# BUDHA DAL PUBLIC SCHOOL PATIALA

## Final Examination (18 March 2023)

**Class - IX**

**Paper - Punjabi (Set-B)**

**Time: 3 hrs.** **MM: 80**

ਆਮ ਨਿਰਦੇਸ਼:

1. ਹੇਠ ਲਿਖੇ ਨਿਰਦੇਸ਼ਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਉਹਨਾਂ ਦਾ ਪਾਲਣ ਕਰੋ।
2. ਸਾਰੇ ਪ੍ਰਸ਼ਨ ਲਾਜ਼ਮੀ ਹਨ।
3. ਪ੍ਰਸ਼ਨਾਂ ਵਿੱਚ ਦਿੱਤੀ ਗਈ ਚੋਣ ਨੂੰ ਧਿਆਨ ਨਾਲ ਵੇਖ ਕੇ ਨਿਰਦੇਸ਼ਾਂ ਅਨੁਸਾਰ ਹੱਲ ਕੀਤਾ ਜਾਵੇ।
4. ਸਾਫ਼ ਅਤੇ ਸ਼ੁੱਧ ਲਿਖਿਆ ਜਾਵੇ, ਪ੍ਰਸ਼ਨ ਨੰਬਰ ਅਤੇ ਉਪ-ਭਾਗ ਨੰਬਰ ਬਿਲਕੁਲ ਸਹੀ ਅਤੇ ਪ੍ਰਸ਼ਨ-ਪੱਤਰ ਅਨੁਸਾਰ ਲਿਖੇ ਜਾਣ।
5. ਉੱਤਰਾਂ ਨੂੰ ਧਿਆਨ ਨਾਲ ਉੱਤਰ-ਸ਼ੀਟ 'ਤੇ ਲਿਖਿਆ ਜਾਵੇ।

### ਭਾਗ-ੳ (ਪੜ੍ਹਨ-ਕੌਸ਼ਲ)

**1) ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ:** (7)

ਮੇਰੀਆਂ ਨਜ਼ਰਾਂ ਵਿਚ ਸੱਚੀ ਖ਼ੁਸ਼ਹਾਲੀ ਉਹ ਹੈ, ਜਿਦ੍ਹੇ ਵਿਚ ਨਾ ਥੋੜ੍ਹ ਦੀ ਚਿੰਤਾ ਹੋਵੇ ਤੇ ਨਾ ਹੀ ਬਹੁਲਤਾ ਦਾ ਭਾਰ ਹੋਵੇ । ਮਨੁੱਖ ਆਪਣੀ ਚੰਗੀ ਖ਼ਿਦਮਤ ਦੁਨੀਆ ਨੂੰ ਦੇਵੇ ਤੇ ਉਸ ਖ਼ਿਦਮਤ ਲਈ ਲੋੜੀਂਦੇ ਸੁਆਦਾਂ ਸਾਮਾਨਾਂ ਨੂੰ ਹੱਕ ਸਮਝੇ । ਉਹਦੇ ਕੋਲ ਥੋੜ੍ਹੀ ਜਿਹੀ ਵਿਹਲ ਹੋਵੇ ਤੇ ਉਹਦੇ ਕੋਲ ਉਹ ਸਾਰੇ ਸਾਮਾਨ ਹੋਣ, ਜਿਨ੍ਹਾਂ ਨਾਲ ਆਪਣੀ ਆਤਮਾ ਦੇ ਅੰਦਰਲੇ ਦ੍ਰਿਸ਼ ਨੂੰ ਬਾਹਰ ਨਿਰੂਪਣ ਕੀਤਾ ਜਾ ਸਕੇ । ਜਦ ਤਕ ਏਨੀ ਕੁ ਖ਼ੁਸ਼ਹਾਲੀ ਮਨੁੱਖ ਕੋਲ ਨਹੀਂ ਹੁੰਦੀ, ਉਦੋਂ ਤਕ ਉਹ ਕਦੇ ਆਪਣੀ ਅਤਿ ਚੰਗੀ ਖ਼ਿਦਮਤ ਦੁਨੀਆ ਨੂੰ ਨਹੀਂ ਦੇ ਸਕਦਾ । ਵੱਡੀ ਆਤਮਾ ਵਾਲੇ ਜੇ ਨਮੂਨੇ ਦੀ ਘਰੋਗੀ ਜ਼ਿੰਦਗੀ ਬਸਰ ਕਰ ਕੇ ਦੱਸਣ, ਤਾਂ ਉਹ ਜਨਤਾ ਨੂੰ ਵਧੇਰੇ ਉਤਸ਼ਾਹ ਦੇ ਸਕਦੇ ਹਨ ਤੇ ਕੌਮ ਦਾ ਜੀਵਨ ਉੱਚਾ ਕਰ ਸਕਦੇ ਹਨ, ਜਿਨ੍ਹਾਂ ਦੀ ਚੰਗਿਆਈ ਤੇ ਕੁਰਬਾਨੀ ਸਾਨੂੰ ਉਨ੍ਹਾਂ ਵਲ ਖਿੱਚਦੀ ਹੈ, ਪਰ ਉਨ੍ਹਾਂ ਦਾ ਪ੍ਰਯੋਗੀ ਜੀਵਨ ਸਾਡੇ ਲਈ ਨਮੂਨਾ ਨਹੀਂ ਸਮਝਿਆ ਜਾ ਸਕਦਾ । ਕਿਸੇ ਦੇ ਘਰ ਖਾਣ ਨੂੰ ਨਹੀਂ, ਕੋਈ ਉਂਞ ਘਰ ਹੂੰਜਾ ਫੇਰ ਕੇ ਨਾਂਗਾ ਹੋਈ ਬੈਠਾ ਹੈ । ਇਹ ਆਦਮੀ ਕੌਮ ਦਾ ਬਹੁਤ ਕੁੱਝ ਸੁਆਰਦੇ ਹਨ, ਜੋ ਇਕ ਕਾਮਯਾਬ ਖ਼ੁਦਗਰਜ਼ ਸੁਚੱਜਾ, ਸੋਹਣਾ ਜੀਵਨ ਬਤੀਤ ਕਰ ਕੇ ਸਾਨੂੰ ਆਪਣੇ ਵਰਗਾ ਹੋਣ ਲਈ ਪ੍ਰੇਰਦੇ ਹਨ ।

ੳ) ਲੇਖਕ ਅਨੁਸਾਰ ਸੱਚੀ ਖੁਸ਼ਹਾਲੀ ਕੀ ਹੁੰਦੀ ਹੈ?

ਅ) ਜੇਕਰ ਲੋੜੀਂਦੀ ਖੁਸ਼ਹਾਲੀ ਨਾ ਹੋਵੇ, ਤਾਂ ਮਨੁੱਖ ਕਿਹੜਾ ਜ਼ਰੂਰੀ ਕੰਮ ਕਰਨ ਦੇ ਯੋਗ ਨਹੀਂ ਰਹਿੰਦਾ?

ੲ) ਵੱਡੀ ਆਤਮਾ ਵਾਲੇ ਜਨਤਾ ਨੂੰ ਵਧੇਰੇ ਉਤਸ਼ਾਹ ਕਿਵੇਂ ਦੇ ਸਕਦੇ ਹਨ?

ਸ) ਉਪਰੋਕਤ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ।

**2) ਹੇਠ ਲਿਖੀ ਕਾਵਿ-ਟੁਕੜੀ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ।** (1×3=3)

ਸਾਡੀ ਪਿੱਠ ਤੇ ਖੜ੍ਹਾ ਇਤਿਹਾਸ ਸਾਡਾ,
ਸਾਨੂੰ ਮਾਣ ਹੈ ਲਹੂ ਦੇ ਰੰਗ ਉੱਤੇ।
ਅਸੀਂ ਜਾਣਦੇ ਹਾਂ ਕਿੰਝ ਕੁਰਬਾਨ ਹੋਣਾ,
ਸੋਹਣੇ ਦੇਸ਼ ਦੀ ਇੱਕ ਵੀ ਮੰਗ ਉੱਤੇ।
ਜਦੋਂ ਅੰਬਾਂ ਨੂੰ ਲੱਗਿਆ ਬੂਰ ਹੋਵੇ,
ਕੋਇਲ ਆਣ ਕੇ ਉਸ ਥਾਂ ਚਹਿਕਦੀ ਹੈ।
ਜਿੱਥੇ-ਜਿੱਥੇ ਸ਼ਹੀਦਾਂ ਦੀ ਰੱਤ ਡੁੱਲ੍ਹੇ,

B-1

Scanned by Scanner Go

ਉੱਥੇ ਫ਼ਸਲ ਗੁਲਾਬ ਦੀ ਮਹਿਕਦੀ ਹੈ।

ੳ) ਕੁਰਬਾਨੀ ਦਾ ਜਜ਼ਬਾ ਸਾਨੂੰ ਕਿੱਥੋਂ ਮਿਲਦਾ ਹੈ?
ਅ) ਕੋਇਲ ਕਿੱਥੇ ਆਣ ਕੇ ਚਹਿਕਦੀ ਹੈ?
ੲ) ਫ਼ਸਲ ਗੁਲਾਬ ਦੀ ਕਿੱਥੇ ਮਹਿਕਦੀ ਹੈ?

**ਭਾਗ-ਅ (ਵਿਆਕਰਨ )**

**3. ਵਿਰੋਧੀ ਸ਼ਬਦ (ਪੁੱਛੇ ਗਏ ਚਾਰ ਪ੍ਰਸ਼ਨਾਂ ਵਿੱਚੋਂ ਕੋਈ ਤਿੰਨ ਹੱਲ ਕਰੋ)** (1×3=3)

**ੳ) ਅੰਤਲਾ ਸ਼ਬਦ ਦਾ ਵਿਰੋਧੀ ਸ਼ਬਦ ਚੁਣੋ।**

1) ਅੰਤਮ 2) ਅੰਤ 3) ਅਰੰਭਿਕ 4) ਅਖੀਰਲਾ

**ਅ) ਹੇਠ ਲਿਖੇ ਸ਼ਬਦਾਂ ਵਿੱਚੋਂ ਸਿਆਣਾ ਸ਼ਬਦ ਦਾ ਵਿਰੋਧੀ ਸ਼ਬਦ ਚੁਣੋ:**

1) ਅਕਲਮੰਦ 2) ਮੂਰਖ 3) ਤੇਜ਼ 4) ਹੁਸ਼ਿਆਰ

**ੲ) ਹੇਠ ਲਿਖੇ ਵਿਕਲਪਾਂ ਵਿੱਚੋਂ ਸਹੀ ਵਿਰੋਧੀ ਜੋੜਾ ਚੁਣੋ।**

1) ਚੁਸਤ/ਚਲਾਕ 2) ਬੱਚਾ/ਨਿਆਣਾ 3) ਮਿੱਤਰ/ਵੈਰੀ 4) ਸੇਵਾ/ਸਿਮਰਨ

**ਸ) ਸਦੀਵੀ ਸ਼ਬਦ ਦਾ ਵਿਰੋਧੀ ਸ਼ਬਦ ਕੀ ਹੋਵੇਗਾ?**

1) ਹਮੇਸ਼ਾਂ 2) ਵਕਤੀ 3) ਕਾਇਮ 4) ਪੱਕਾ

**4. ਲਿੰਗ ਬਦਲੋ (ਪੁੱਛੇ ਗਏ ਚਾਰ ਪ੍ਰਸ਼ਨਾਂ ਵਿੱਚੋਂ ਕੋਈ ਤਿੰਨ ਹੱਲ ਕਰੋ)** (1×3=3)

**ੳ) ਹੇਠ ਲਿਖੇ ਸ਼ਬਦਾਂ ਵਿੱਚੋ ਕਿਹੜਾ ਸ਼ਬਦ ਦੋਹਾਂ ਲਿੰਗਾਂ ਵਿੱਚ ਵਰਤਿਆ ਜਾਂਦਾ ਹੈ?**

1) ਸਾਇਕਲ 2) ਬੱਦਲ 3) ਸੇਵਕ 4) ਖੰਭ

**ਅ) ਹੇਠ ਲਿਖੇ ਸ਼ਬਦਾਂ ਵਿੱਚੋਂ ਕਿਹੜੇ ਸ਼ਬਦ ਦਾ ਵਿਰੋਧੀ ਲਿੰਗ ਨਹੀਂ ਹੁੰਦਾ?**

1) ਹਿੰਦੂ 2) ਸਪੇਰਾ 3) ਅਕਾਸ਼ 4) ਧੋਬੀ

**ੲ) ਨਵਾਬ ਸ਼ਬਦ ਦਾ ਇਸਤਰੀ-ਲਿੰਗ ਚੁਣੋ:**

1) ਰਾਣੀ 2) ਬੇਗਮ 3) ਮੁਟਿਆਰ 4) ਮਲਕਾ

**ਸ) ਪਹਾੜੀਆ ਸ਼ਬਦ ਦਾ ਇਸਤਰੀ ਲਿੰਗ ਕਿਹੜਾ ਹੋਵੇਗਾ?**

1) ਪਹਾੜਣ 2) ਪਹਾੜੀ 3) ਪਹਾੜਨ 4) ਪਹਾੜਿਅਨ

**5. ਵਿਸਮਿਕ (ਪੁੱਛੇ ਗਏ ਚਾਰ ਪ੍ਰਸ਼ਨਾਂ ਵਿੱਚੋਂ ਕੋਈ ਤਿੰਨ ਹੱਲ ਕਰੋ)** (1×3=3)

**ੳ) ਵਿਸਮਿਕ ਸ਼ਬਦ ਚੁਣੋ।**

1) ਦਾ, ਦੇ, ਦੀ 2) ਤੇ, ਅਤੇ 3) ਪਰ, ਕਿਉਂਕਿ 4) ਵੇ, ਕਾਸ਼, ਸ਼ਾਬਾਸ਼

**ਅ) 'ਓਏ' ਸ਼ਬਦ ਕਿਸ ਪ੍ਰਕਾਰ ਦਾ ਵਿਸਮਿਕ ਹੈ?**

1) ਸੂਚਨਾ ਵਾਚਕ 2) ਪ੍ਰਸੰਸਾ ਵਾਚਕ 3) ਸੰਬੋਧਨੀ ਵਾਚਕ 4) ਸ਼ੋਕ ਵਾਚਕ

**ੲ) 'ਸੂਚਨਾ' ਜਾਂ 'ਤਾੜਨਾ' ਦੇ ਭਾਵ ਪ੍ਰਗਟ ਕਰਨ ਵਾਲੇ ਸ਼ਬਦ ਕਿਸ ਪ੍ਰਕਾਰ ਦੇ ਵਿਸਮਿਕ ਹੁੰਦੇ ਹਨ?**

1) ਹੈਰਾਨੀ ਵਾਚਕ 2) ਇੱਛਾ ਵਾਚਕ 3) ਪ੍ਰਸੰਸਾ ਵਾਚਕ 4) ਸੂਚਨਾ ਵਾਚਕ

**ਸ) ਹੈਂ ! ਉਹ ਫ਼ੇਲ ਹੋ ਗਿਆ ! ਵਾਕ ਵਿੱਚ ਹੈਂ ਕਿਹੜਾ ਵਿਸਮਿਕ ਹੈ?**

1) ਇੱਛਾ ਵਾਚਕ 2) ਸਤਿਕਾਰ ਵਾਚਕ 3) ਅਸੀਸ ਵਾਚਕ 4) ਹੈਰਾਨੀ ਵਾਚਕ

**6) ਸ਼ਬਦ ਸ਼ੁੱਧੀ (ਪੁੱਛੇ ਗਏ ਚਾਰ ਪ੍ਰਸ਼ਨਾਂ ਵਿੱਚੋਂ ਕੋਈ ਤਿੰਨ ਹੱਲ ਕਰੋ)**

**ਹੇਠ ਲਿਖੇ ਵਾਕਾਂ ਵਿਚਲੇ ਅਸ਼ੁੱਧ ਸ਼ਬਦ ਜੋੜਾਂ ਨੂੰ ਸ਼ੁੱਧ ਕਰਕੇ ਲਿਖੋ।** (1×3=3)

ੳ) ਸੇਹ ਦੇ ਕੀ ਲਾਬ ਹਨ?

ਅ) ਸੈਹਦ ਬਹੁਤ ਮੀਠਾ ਹੁੰਦਾ ਹੈ।

B-2

Scanned by Scanner Go

ੲ) ਵੱਢਿਆਂ ਦਾ ਸਤੀਕਾਰ ਕਰੋ।

ਸ) ਖੇਡਣਾ ਬਹੁਤ ਜਰੂਰੀ ਹੈ।

**7) ਕਿਰਿਆ (ਪੁੱਛੇ ਗਏ ਪੰਜ ਪ੍ਰਸ਼ਨਾਂ ਵਿੱਚੋਂ ਕੋਈ ਚਾਰ ਹੱਲ ਕਰੋ)** (1×4=4)

ੳ) ਕਿਰਿਆ ਦੀਆਂ ਕਿਸਮਾਂ ਲਿਖੋ।

ਅ) ਅਕਰਮਕ ਕਿਰਿਆ ਤੋਂ ਕੀ ਭਾਵ ਹੈ?

ੲ) ਸਕਰਮਕ ਕਿਰਿਆ ਦੀ ਇੱਕ ਉਦਾਹਰਨ ਲਿਖੋ।

ਸ) ਸੀਤਾ ਪੜ੍ਹ ਰਹੀ ਹੈ। ਵਾਕ ਵਿੱਚੋਂ ਕਿਰਿਆ ਦੀ ਕਿਸਮ ਲਿਖੋ।

ਹ) ਕਿਰਿਆ ਦੀ ਪਰਿਭਾਸ਼ਾ ਲਿਖੋ।

**8) ਮੁਹਾਵਰੇ (ਹੇਠਾਂ ਲਿਖਿਆ ਵਿੱਚੋਂ ਕਿਸੇ ਚਾਰ ਮੁਹਾਵਰਿਆਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋ ਕਿ ਅਰਥ ਸਪੱਸ਼ਟ ਹੋ ਜਾਣ)**

ੳ) ਉਂਗਲ ਕਰਨੀ (1×4=4)

ਅ) ਅੱਖਾਂ ਮੀਟ ਜਾਣਾ

ੲ) ਇੱਕਮੁੱਠ ਹੋਣਾ

ਸ) ਸਿਰ ਫੇਰਨਾ

ਹ) ਹੱਥ ਪੈਰ ਮਾਰਨਾ

## ਭਾਗ–ੲ (ਪ੍ਰਭਾਵਸ਼ਾਲੀ ਲਿਖਣ ਕੌਸ਼ਲ)

**9) ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ 'ਇੱਕ' ਵਿਸ਼ੇ ਉੱਤੇ ਦਿੱਤੇ ਹੋਏ ਨੁਕਤਿਆਂ ਦੇ ਅਧਾਰ ਤੇ 200 ਸ਼ਬਦਾਂ ਦਾ ਲੇਖ ਲਿਖੋ:**

**ਵਾਦੜੀਆਂ ਸਜਾਦੜੀਆਂ ਨਿਭਣ ਸਿਰਾਂ ਦੇ ਨਾਲ** (8)

ਨੁਕਤੇ –

ਜਾਣ–ਪਛਾਣ, ਮਨੁੱਖ ਆਦਤਾਂ ਦਾ ਗੁਲਾਮ, ਆਦਤਾਂ ਅਤੇ ਆਚਰਨ, ਆਦਤਾਂ ਦਾ ਮੁੱਢ, ਆਦਤਾਂ ਸਥਿਰ ਹੁੰਦੀਆਂ ਹਨ, ਵਰਤਮਾਨ ਯੁੱਗ ਅਤੇ ਆਦਤਾਂ, ਚੰਗੀਆਂ ਆਦਤਾਂ, ਸਿੱਟਾ।

**ਜਾਂ**

**ਅਖ਼ਬਾਰਾਂ ਦੇ ਲਾਭ ਅਤੇ ਹਾਨੀਆਂ**

ਨੁਕਤੇ –

ਭੂਮਿਕਾ, ਅਰਥ, ਜਾਣਕਾਰੀ ਦਾ ਸੋਮਾ, ਅਖ਼ਬਾਰਾਂ ਦੇ ਲਾਭ, ਸਰਕਾਰ ਅਤੇ ਜਨਤਾ ਵਿਚਕਾਰ ਕੜੀ, ਰਾਸ਼ਟਰ ਦੇ ਨਿਰਮਾਣ ਦਾ ਸਾਧਨ, ਨੁਕਸਾਨ, ਸਾਰੰਸ਼।

**ਜਾਂ**

**ਸ਼ੋਰ/ਧੁਨੀ ਪ੍ਰਦੂਸ਼ਣ**

ਨੁਕਤੇ –

ਅਰਥ, ਕਾਰਨ, ਕਿਸਮਾਂ, ਪ੍ਰਭਾਵ, ਸੁਝਾਅ, ਸਿੱਟਾ।

**10) ਹੇਠ ਲਿਖੇ ਨੁਕਤਿਆਂ ਦੇ ਆਧਾਰ 'ਤੇ ਕੋਈ ਇੱਕ ਪੱਤਰ ਲਿਖੋ।** (7)

ਤੁਹਾਡੇ ਦੋਸਤ ਦੇ ਭਰਾ ਦਾ ਵਿਆਹ ਸੀ। ਤੁਹਾਨੂੰ ਇਸ ਮੌਕੇ 'ਤੇ ਸੱਦਾ–ਪੱਤਰ ਵੀ ਆਇਆ ਸੀ, ਪਰ ਕਿਸੇ ਕਾਰਨ ਕਰਕੇ ਤੁਸੀਂ ਵਿਆਹ ਵਿੱਚ ਸ਼ਾਮਲ ਨਹੀਂ ਹੋ ਸਕੇ। ਆਪਣੇ ਦੋਸਤ ਨੂੰ ਇਸ ਪੱਤਰ ਰਾਹੀਂ ਗੈਰ ਹਾਜ਼ਰੀ ਦਾ ਕਰਨ ਦੱਸੋ।
ਨੁਕਤੇ: ਪਹੁੰਚ ਨਾ ਸਕਣਾ, ਹਾਰਦਿਕ ਅਫਸੋਸ ਪ੍ਰਗਟ ਕਰਨਾ, ਪਿਤਾ ਜੀ ਦਾ ਵਿਦੇਸ਼ ਰਹਿਣਾ, ਦਾਦੀ ਜੀ ਦਾ ਬਿਮਾਰ, ਘਰ ਦੀਆਂ ਮਜਬੂਰੀਆਂ, ਪਰਿਵਾਰ ਦੇ ਮੈਂਬਰਾਂ ਨੂੰ ਵਧਾਈ ਭੇਜਣਾ।

**ਜਾਂ**

B-3

Scanned by Scanner Go

ਆਪਣੇ ਨਗਰ ਦੀ ਨਗਰ-ਪਾਲਿਕਾ ਨੂੰ ਆਪਣੀ ਗਲੀ ਵਿੱਚ ਫ਼ਰਸ਼ ਲੁਆਉਣ ਲਈ ਬੇਨਤੀ-ਪੱਤਰ ਲਿਖੋ।
ਨੁਕਤੇ: ਨਵੀਂ ਅਬਾਦੀ, ਮਕਾਨਾਂ 'ਚ ਵਾਧਾ, ਸੀਵਰੇਜ ਪਾਈਪਾਂ, ਮੀਂਹ ਪੈਣ ਤੇ ਪਾਣੀ ਜਮ੍ਹਾਂ ਹੋਣਾ, ਮੱਛਰਾਂ-ਮੱਖੀਆਂ ਦੀ ਭਰਮਾਰ, ਪਾਣੀ ਦੇ ਨਿਕਾਸ ਦਾ ਮਾੜਾ ਪ੍ਰਬੰਧ, ਲੋਕਾਂ ਵੱਲੋਂ ਮਦਦ, ਫ਼ਰਸ਼ ਲਵਾਉਣ ਲਈ ਬੇਨਤੀ।

**11) ਹੇਠ ਲਿਖੇ ਚਿੱਤਰ ਨੂੰ ਦੇਖ ਕੇ ਉਸਦਾ ਵਰਨਣ 50 ਤੋਂ 60 ਸ਼ਬਦਾਂ ਵਿੱਚ ਲਿਖੋ।** (5)



**ਭਾਗ-ਸ (ਪਾਠ ਪੁਸਤਕਾਂ ਤੇ ਅਧਾਰਤ)**

**12) ਕਹਾਣੀ ਤੇ ਵਾਰਤਕ ਵਿੱਚੋਂ (ਪੁੱਛੇ ਗਏ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ):** (1×5=5)

ੳ) ਲੇਖਕ ਨੂੰ ਭੇਰਾ ਵੇਖੇ ਕਿੰਨੀ ਦੇਰ ਹੋ ਚੁੱਕੀ ਸੀ?
1) ਵੀਹ ਸਾਲ 2) ਪੰਜਾਹ ਸਾਲ 3) ਚਾਲੀ ਸਾਲ 4) ਤੀਹ ਸਾਲ

ਅ) ਬੇਬੇ ਦੀ ਉਮਰ ਕਿੰਨੀ ਸੀ?
1) ਨੱਬੇ ਸਾਲ ਤੋਂ ਉੱਪਰ 2) ਸੱਤਰ ਸਾਲ 3) ਅੱਸੀ ਸਾਲ 4) ਸੱਠ ਸਾਲ

ੲ) ਕਿਸ ਦੀ ਸਿਫ਼ਾਰਸ਼ ਨਾਲ ਜੋਤੀ ਦਾ ਨਾਂ ਬਦਲ ਦਿੱਤਾ ਗਿਆ ਸੀ?
1) ਚੇਅਰਮੈਨ ਦੀ 2) ਲਖਪਤ ਰਾਏ ਦੀ 3) ਪ੍ਰਿੰਸੀਪਲ ਦੀ 4) ਮੰਤਰੀ ਦੀ

ਸ) ਕਪੂਰ ਸਿੰਘ ਨੇ ਦਰਬਾਰੇ ਨੂੰ ਕਿੰਨੇ ਰੁਪਏ ਦਿੱਤੇ?
1) ਪੰਜ ਰੁਪਏ 2) ਦਸ ਰੁਪਏ 3) ਪੰਜਾਹ ਰੁਪਏ 4) ਸੌ ਰੁਪਏ

ਹ) ਕੰਡਕਟਰ ਦੀ ਭੈਣ ਡਾਕਟਰੀ ਦੀ ਪੜ੍ਹਾਈ ਕਿੱਥੇ ਪੜ੍ਹਦੀ ਸੀ?
1) ਅੰਮ੍ਰਿਤਸਰ 2) ਕਰਾਚੀ 3) ਲਾਹੌਰ 4) ਬਹਾਵਲਪੁਰ

ਕ) ਵਹਿਮੀ ਤਾਇਆ ਲੇਖ ਦਾ ਲੇਖਕ ਕੌਣ ਹੈ?
1) ਹਰਪਾਲ ਸਿੰਘ ਪੰਨੂ 2) ਸੰਤੋਖ ਸਿੰਘ ਧੀਰ 3) ਸੂਬਾ ਸਿੰਘ 4) ਬਲਰਾਜ ਸਾਹਨੀ

**13) ਕਵਿਤਾ ਤੇ ਇਕਾਂਗੀ ਵਿੱਚੋਂ (ਕਿਸੇ ਪੰਜ ਪ੍ਰਸ਼ਨਾਂ ਦੇ ਉੱਤਰ ਇੱਕ ਸਤਰ ਵਿੱਚ ਲਿਖੋ):** (1×5=5)

ੳ) 'ਮੈਂ ਪੰਜਾਬੀ' ਕਵਿਤਾ ਵਿੱਚੋਂ ਕਵੀ ਆਪਣੇ ਆਪ ਨੂੰ ਕਿਸ ਦਾ ਸੇਵਕ ਦੱਸਦਾ ਹੈ?
ਅ) ਪੱਛਮੀ ਸੱਭਿਅਤਾ ਵਿੱਚ ਸਰਮਾਏਦਾਰ ਕਿਸ ਦੀ ਖੂਬ ਖੱਲ ਲਾਹੁੰਦਾ ਹੈ?
ੲ) 'ਮਾਤਾ ਗੁਜਰੀ ਜੀ' ਕਵਿਤਾ ਵਿੱਚ ਚੰਦ ਸ਼ਬਦ ਕਿਨ੍ਹਾਂ ਲਈ ਵਰਤਿਆ ਗਿਆ ਹੈ?
ਸ) ਮਦਨ ਲਾਲ ਦੀ ਮਾਂ ਦਾ ਕੀ ਨਾਂ ਹੈ?
ਹ) ਕੁਲਦੀਪ ਕਿਸ ਕਲਚਰ ਅਧੀਨ ਕੁੜੀ ਨੂੰ ਜਨਮ ਤੋਂ ਪਹਿਲਾਂ ਮਾਰਨਾ ਠੀਕ ਸਮਝਦਾ ਹੈ?
ਕ) ਮੇਲੇ ਵਿੱਚ ਕਿਸ ਚੀਜ਼ ਦੀ ਮੰਡੀ ਲੱਗੀ ਹੋਈ ਹੈ?

B-4

Scanned by Scanner Go

**4) ਕਹਾਣੀ ਤੇ ਇਕਾਂਗੀ ਵਿੱਚੋਂ (ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਦਿਓ):** **(2×4=8)**

ੳ) ਤਰਕਾਲਾਂ ਨੂੰ ਸਾਰਾ ਟੱਬਰ ਕਿਸ ਗੱਲ ਦਾ ਇੰਤਜ਼ਾਰ ਕਰ ਰਿਹਾ ਸੀ?

ਅ) ਦਰਬਾਰਾ ਸਿੰਘ ਨੂੰ ਕਪੂਰ ਸਿੰਘ ਨਾਲ ਕੰਧ ਸਾਂਝੀ ਕਰਨ ਦੀ ਲੋੜ ਕਿਉਂ ਨਹੀਂ ਸੀ?

ੲ) ਬੱਸ ਕੰਡਕਟਰ ਨੇ ਪਾਲੀ ਨਾਲ ਕਿਹੜਾ ਰਾਜ਼ ਸਾਂਝਾ ਕੀਤਾ?

ਸ) ਮਦਨ ਮਾਸੀ ਨੂੰ ਪੁਲਿਸ ਤੋਂ ਡਰਨ ਦਾ ਕੀ ਕਾਰਨ ਦੱਸਦਾ ਹੈ?

ਹ) ਬੀਜੀ ਕਿੰਨੀ ਕੁ ਜਾਇਦਾਦ ਦੀ ਮਾਲਕਣ ਹੈ ਤੇ ਉਹ ਕੀ ਚਾਹੁੰਦੀ ਹੈ?

**15) ਕਵਿਤਾ ਅਤੇ ਵਾਰਤਕ ਵਿੱਚੋਂ (ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50-60 ਸ਼ਬਦਾਂ ਵਿੱਚ ਲਿਖੋ। (ਕੋਈ ਦੋ)**

ੳ) 'ਮੈਂ ਪੰਜਾਬੀ' ਕਵਿਤਾ ਵਿੱਚ ਆਏ ਵਿਚਾਰਾਂ ਦਾ ਸਾਰ ਲਿਖੋ।

ਜਾਂ

'ਨਵੀਂ ਪੁਰਾਣੀ ਤਹਿਜ਼ੀਬ' ਕਵਿਤਾ ਦੇ ਵਿਸ਼ੇ ਬਾਰੇ ਲਿਖੋ। **(2×4=8)**

ਅ) 'ਵਹਿਮੀ ਤਾਇਆ' ਲੇਖ ਵਿੱਚ ਤਾਇਆ ਮਨਸਾ ਰਾਮ ਦੇ ਕੁੱਝ ਦਿਲਚਸਪ ਵਹਿਮਾਂ ਦਾ ਜ਼ਿਕਰ ਆਇਆ ਹੈ ਉਨ੍ਹਾਂ ਦਾ ਸੰਖੇਪ ਵਿੱਚ ਵਰਣਨ ਕਰੋ।

**ਜਾਂ**

ਲੇਖਕ ਦੇ ਪਰਿਵਾਰ ਦੀ ਉਸ ਦੇ ਨਾਨਕੇ ਕਿਵੇਂ ਮਦਦ ਕਰਦੇ ਸਨ?

**16) ਇਕਾਂਗੀ ਵਿੱਚੋਂ (ਕਿਸੇ ਇਕ ਪ੍ਰਸ਼ਨ ਦਾ ਉੱਤਰ 50-60 ਸ਼ਬਦਾਂ ਵਿੱਚ ਲਿਖੋ) (ਕੋਈ ਇੱਕ)** **(4×1=4)**

ਰਾਮ ਪਿਆਰੀ ਦਾ ਪਾਤਰ ਚਿਤਰਨ ਆਪਣੇ ਸ਼ਬਦਾਂ ਵਿੱਚ ਲਿਖੋ।

**ਜਾਂ**

ਜਦੋਂ ਬੀਜੀ ਸਿਰਜਣਾ ਨੂੰ ਘਰੋਂ ਕੱਢਣ ਦੀ ਧਮਕੀ ਦਿੰਦੀ ਹੈ ਤਾਂ ਸਿਰਜਣਾ ਕੀ ਕਹਿੰਦੀ ਹੈ?

Scanned by Scanner Go